# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋ ਨੰ: DySPD (PEDB)/2019/196112 ਮਿਤੀ: 10 .07.2019

## ਜਨਤਕ ਸੂਚਨਾ

ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਹੈ। ਜੋ ਅਧਿਆਪਕ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਮਿਤੀ 07.07.2019 ਤੋਂ 14.07.2019 ਤੱਕ ਬਦਲੀਆਂ ਲਈ online ਬੇਨਤੀਆਂ ਜਨਤਕ ਸੂਚਨਾ DySPD (PEDB)/2019/2019191668, ਮਿਤੀ 07.07.2019 ਜਾਰੀ ਕਰਕੇ ਮੰਗੀਆਂ ਗਈਆਂ ਹਨ। ਅਧਿਆਪਕ ਆਪਣੀ ਬਦਲੀ ਲਈ ਬੇਨਤੀ epunjabschool portal ਤੇ ਆਪਣੇ employee login Id ਤੇ login ਕਰਕੇ ਦੇ ਸਕਦੇ ਹਨ। ਬਦਲੀ ਲਈ ਬੇਨਤੀ online approve ਕਰਨ ਉਪਰੰਤ ਜੇਕਰ ਕੋਈ ਗਲਤੀ ਪਾਈ ਜਾਂਦੀ ਹੈ ਅਤੇ ਅਧਿਆਪਕ ਉਸ ਵਿੱਚ ਸ਼ੋਧ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੇ employee login Id ਤੇ login ਕਰਕੇ Unlock Tranfer Data ਤੇ ਜਾ ਕੇ ਆਪਣੇ ਡਾਟਾ ਵਿੱਚ ਸ਼ੋਧ ਕਰ ਸਕਦਾ ਹੈ। ਡਾਟਾ ਵਿੱਚ ਸ਼ੋਧ ਕਰਨ ਲਈ ਬੇਨਤੀ online approve ਕਰਨ ਉਪਰੰਤ ਕੇਵਲ 2 ਮੌਕੇ ਹਰੇਕ ਗੇੜ ਵਿੱਚ ਬਦਲੀਆਂ ਦੀ ਬੇਨਤੀਆਂ ਦੇਣ ਦੀ ਅੰਤਿਮ ਮਿਤੀ ਤੱਕ ਹੀ ਦਿੱਤੇ ਜਾਣਗੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
3. ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋਨੰ: DySPD (PEDB)/2019/ 196173

ਮਿਤੀ: 10/7/2019

**ਵਿਸ਼ਾ: Teachers Transfer Policy ਸਬੰਧੀ ਸਪਸ਼ਟੀਕਰਨ।**

**ਹਵਾਲਾ**: ਪੰਜਾਬ ਸਰਕਾਰ, ਸਿੱਖਿਆ ਵਿਭਾਗ ਦਾ ਪੱਤਰ ਨੰ 11/35/2018-1edu6/ 1508658, ਮਿਤੀ 25.06.2019

1.0 ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਰਾਹੀਂ Teachers transfer policy ਜਾਰੀ ਕੀਤੀ ਗਈ ਹੈ। ਜਿਸ ਦੀ ਮੱਦ ਨੰ 6(iii)(c) (1) ਅਨੁਸਾਰ ਅਧਿਆਪਕ ਵੱਲੋਂ ਪੜਾਏ ਗਈ ਜਮਾਤ ਅਤੇ ਵਿਸ਼ੇ ਦੇ ਨਤੀਜਿਆਂ ਲਈ ਅੰਕ ਦਿੱਤੇ ਜਾਣੇ ਹਨ[

2.0 ਉਪਰੋਕਤ ਦੇ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਮਿਡਲ ਸਕੂਲਾਂ ਵਿੱਚ ਪੜਾ ਰਹੇ ਆਰਟ ਅਤੇ ਕਰਾਫਟ ਟੀਚਰ ਅਤੇ ਫਿਜੀਕਲ ਐਜੂਕਸ਼ਨ ਟੀਚਰ ਦੇ ਨਤੀਜੇ Teachers transfer policy ਦੇ Annexure B ਵਿੱਚ Formula for calculation for subjects with grading ਅਨੁਸਾਰ ਦਿੱਤੇ ਜਾਣਗੇ, ਜੋ ਕਿ ਹੇਠ ਲਿਖੇ ਅਨੁਸਾਰ ਹੈ:

| **Grade** | **Multiplying factor** | **%age of students** | **Formula for calculation** |
|---|---|---|---|
| A (75 to 100 marks) | 40 | X1 | (X1x40)/100 |
| B (60 to 75 marks) | 30 | X2 | (X2x30)/100 |
| C (45 to 60 marks) | 20 | X3 | (X3x20)/100 |
| D (33 to 45 marks) | 10 | X4 | (X4x10)/100 |
| E (below 33 marks) | 0 | X5 | 0 |
| Total | | | |

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ),ਪੰਜਾਬ।

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
3. ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋਨੰ: DySPD (PEDB)/2019/196176
ਮਿਤੀ: 17/7/2019

**ਵਿਸ਼ਾ: Teachers Transfer Policy ਸਬੰਧੀ ਸਪਸ਼ਟੀਕਰਨ।**

ਹਵਾਲਾ: ਪੰਜਾਬ ਸਰਕਾਰ, ਸਿੱਖਿਆ ਵਿਭਾਗ ਦਾ ਪੱਤਰ ਨੰ 11/35/16-1ਸਿ6/1511924/1-3, ਮਿਤੀ 28.06.2019

1.0 ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਜੋ ਅਧਿਆਪਕ ਬਦਲੀ ਲਈ online apply ਕਰਦਾ ਹੈ ਉਸ ਦੇ ਵੇਰਵਿਆਂ ਦੀ ਪੁਸ਼ਟੀ ਕਰਨ ਉਪਰੰਤ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਬਦਲੀ ਦੀ ਬੇਨਤੀ ਤੇ online ਆਪਣੀ ਸਿਫਾਰਸ਼ Recommended ਜਾਂ Not Recommended ਦੇਣੀ ਹੈ। ਜੇਕਰ ਸਕੂਲ ਮੁੱਖੀ Not Recommended ਸਿਫਾਰਸ਼ ਕਰਦਾ ਹੈ ਤਾਂ ਉਸ ਵੱਲੋਂ remarks column ਵਿੱਚ ਕਾਰਨ ਸਪਸ਼ਟ ਕੀਤੇ ਜਾਣਗੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ),ਪੰਜਾਬ।